## ਟੈਂਡਰ ਦੀਆਂ ਸ਼ਰਤਾਂ

1) ਟੈਂਡਰ ਡਾਕੂਮੈਂਟ ਬਠਿੰਡਾ ਜਿਲ੍ਹੇ ਦੀ ਵੈਬਸਾਇਟ www.bathinda.nic.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।
2) ਡੀ.ਸੀ.ਦਫਤਰ ਬਠਿੰਡਾ ਵੱਲੋ ਰਾਇਟ ਟੂ ਸਰਵਿਸ ਦੇ ਕੰਮ ਲਈ 02 ਉਪਰੇਟਰ ਆਊਟਸੋਰਸਿੰਗ ਰਾਹੀ ਰੱਖੇ ਜਾਣੇ ਹਨ। ਇਛੁਕ ਫਰਮਾਂ/ਸੰਸਥਾਂ ਆਪਣਾ ਟੈਂਡਰ ਮਿਤੀ: 08-**09-2017** ਨੂੰ ਦੁਪਹਿਰ 02:00 ਵਜੇ ਤੱਕ ਡੀ.ਸੀ.ਦਫਤਰ ਦੇ ਕਮਰਾ ਨੰਬਰ 209 ਪੇਸ਼ੀ ਸ਼ਾਖਾ ਵਿਖੇ ਜਮਾਂ ਕਰਵਾ ਸਕਦੇ ਹਨ।
3) ਟੈਂਡਰ ਮਿਤੀ 08-09-2017 ਦੁਪਹਿਰ 02:00 ਵਜੇ ਤੱਕ ਡੀ.ਸੀ.ਦਫਤਰ ਕਮਰਾ ਨੰਬਰ 209 ਪੇਸ਼ੀ ਸ਼ਾਖਾ ਵਿਖੇ ਜਮਾਂ ਕਰਵਾਏ ਜਾ ਸਕਦੇ ਹਨ। ਦੁਪਹਿਰ 02:00 ਵਜੇ ਤੋ ਬਾਅਦ ਕਿਸੇ ਵੀ ਹਾਲਤ ਵਿਚ ਟੈਂਡਰ ਫਾਰਮ ਇਸ ਦਫਤਰ ਵੱਲੋ ਪ੍ਰਾਪਤ ਨਹੀ ਕੀਤਾ ਜਾਵੇਗਾ। ਡਾਕ ਰਾਹੀ ਹੋਈ ਦੇਰੀ ਲਈ ਇਹ ਦਫਤਰ ਜੁਮੇਵਾਰ ਨਹੀ ਹੋਵੇਗਾ। ਇਹ ਟੈਂਡਰ ਮਿਤੀ 08-09-2017 ਨੂੰ ਬਾਅਦ ਦੁਪਹਿਰ 03:00 ਵਜੇ ਨੋਡਲ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜਨਰਲ) ਬਠਿੰਡਾ ਦੇ ਕਮਰਾ ਨੰਬਰ 212 ਵਿੱਚ ਖੋਲੇ ਜਾਣਗੇ।
4) ਟੈਂਡਰ ਮੋਹਰਬੰਦ ਲਿਫਾਫੇ ਵਿੱਚ ਵੱਖਰਾ ਦੇਣਾ ਹੋਵੇਗਾ। ਪੈਨ. ਨੰਬਰ ਅਤੇ ਜੀ.ਐਸ.ਟੀ.ਨੰਬਰ ਦੀ ਫੋਟੋ ਕਾਪੀ ਵੱਖਰੀ ਦੇਣੀ ਹੋਵੇਗੀ। ਜਿਸ ਫਰਮ/ਸੰਸਥਾ ਦੀ ਟੈਕਨੀਕਲ ਬਿੱਡ ਭਾਵ ਪੈਨ ਨੰਬਰ, ਜੀ.ਐਸ.ਟੀ. ਨੰਬਰ ਆਦਿ ਨਹੀ ਹੋਵੇਗਾ ਉਸਦਾ ਟੈਂਡਰ ਖੋਲਿਆ ਨਹੀ ਜਾਵੇਗਾ। ਅਜਿਹਾ ਟੈਂਡਰ ਮੁੱਢੋ ਰੱਦ ਸਮਝਿਆ ਜਾਵੇਗਾ।
5) ਫਰਮਾਂ ਵੱਲੋ ਦਿੱਤੇ ਗਏ ਰੇਟ ਸਾਰੀਆਂ ਤਰ੍ਹਾਂ ਦੇ ਕਰ (ਟੈਕਸ ਆਦਿ) ਸਮੇਤ ਰਹੇਗਾ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪ੍ਰਤੀ ਉਪਰੇਟਰ 10000 ਰੁਪਏ ਤੋ ਵੱਧ ਰੇਟ ਨਾ ਦਿੱਤੇ ਜਾਣ। ਟੈਂਡਰ ਦੇ ਤਕਨੀਕੀ ਅਤੇ ਵਿੱਤੀ ਬਿਡ ਦੇ ਅਲੱਗ-2 ਲਿਫਾਫੇ ਤਿਆਰ ਕਰਕੇ ਇੱਕ ਮੋਹਰਬੰਦ ਲਿਫਾਫੇ ਵਿੱਚ ਪਾਉਣਾ ਯਕੀਨੀ ਬਣਾਇਆ ਜਾਵੇ।
6) ਇਸ ਦਫਤਰ ਕੋਲ ਬਿਨ੍ਹਾਂ ਕਾਰਨ ਦੱਸੇ ਕਿਸੇ ਵੀ ਟੈਂਡਰ-ਕਰਤਾ ਦਾ ਟੈਂਡਰ ਸਵੀਕਾਰ ਜਾਂ ਅਸਵੀਕਾਰ ਕਰਨ ਦਾ ਅਧਿਕਾਰ ਹੋਵੇਗਾ।
7) ਟੈਂਡਰ ਬਿਨਾ ਨੋਟਿਸ ਅਤੇ ਕਾਰਨ ਦਸੇ, ਕਦੋ ਵੀ ਰੱਦ ਕੀਤਾ ਜਾ ਸਕਦਾ ਹੈ।ਇਸ ਲਈ ਕੋਈ ਵਖਰਾ ਇਸ਼ਤਿਹਾਰ ਨਹੀ ਦਿੱਤਾ ਜਾਵੇਗਾ।
8) 07 ਦਿਨਾਂ ਦੇ ਅੰਦਰ-ਅੰਦਰ L1 ਫਰਮ ਵੱਲੋ ਓਪਰੇਟਰ ਮੁਹੱਈਆ ਕਰਵਾਣੇ ਯਕੀਨੀ ਬਣਾਏ ਜਾਣਗੇ ਨਹੀ ਤਾ L1 ਫਰਮ ਦਾ ਟੈਂਡਰ ਕੈਂਸਲ ਕੀਤਾ ਜਾ ਸਕਦਾ ਹੈ। ਇਸ ਵਿੱਚ L1 ਫਰਮ ਨੂੰ ਕੋਈ ਇਤਰਾਜ ਨਹੀ ਹੋਵੇਗਾ।
9) ਈ.ਪੀ.ਐਫ., ਸਰਵਿਸ ਟੈਕਸ ਆਦਿ ਕਿਸੇ ਵੀ ਤਰਾ ਦੇ ਟੈਕਸ ਨੂੰ ਜਮਾ ਕਰਵਾਉਣਾ ਟੈਂਡਰ ਕਰਤਾ ਦੀ ਜਿੰਮੇਵਾਰੀ ਹੋਵੇਗੀ। ਟੈਂਡਰ ਦੇਣ ਵਾਲੀਆਂ ਫਰਮਾਂ/ਸੰਸਥਾਂ ਵੱਲੋ ਆਪਣੀ ਫਰਮ ਦੇ ਲੈਟਰ ਹੈਡ ਤੇ ਟੈਂਡਰ ਦੀਆ ਸ਼ਰਤਾ ਨਾਲ ਨੱਥੀ **self declaration ਦੇਣਾ** ਹੋਵੇਗਾ।
10) ਟੈਂਡਰ ਕਰਤਾ ਯਕੀਨੀ ਬਣਾਉਣ ਕਿ ਹੇਠ ਲਿਖੇ ਯੋਗਤਵਾਂ ਓਪਰੇਟਰਾਂ ਕੋਲ ਹੋਣੀਆ ਚਾਹੀਦਆ ਹਨ।
    - +2 ਪਾਸ ਹੋਣਾ ਚਾਹੀਦਾ ਹੈ, ਪਾਸ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ।
    - ਦਸਵੀ ਪੰਜਾਬੀ ਵਿੱਚ ਪਾਸ ਕੀਤੀ ਹੋਵੇ, ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ।
    - ਇੱਕ ਸਾਲ ਦਾ ਕਪਿੰਉਟਰ ਕੋਰਸ ISO ਮਾਨਤਾ ਪ੍ਰਾਪਤ ਸੈਂਟਰ/ਇੰਸਟੀਚਿਊਟ ਤੋ ਕੀਤਾ ਹੋਣਾ ਲਾਜਮੀ ਹੋਣਾ ਚਾਹੀਦਾ ਹੈ, ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ।
    - ਅੰਗਰੇਜੀ ਟਾਇਪਿੰਗ 40 ਪ੍ਰਤੀ ਮਿੰਟ ਅਤੇ ਪੰਜਾਬੀ ਟਾਇਪਿੰਗ 30 ਪ੍ਰਤੀ ਮਿੰਟ ਦੇ ਹਿਸਾਬ ਨਾਲ ਆਉਣੀ ਜਰੂਰੀ ਹੈ ਅਤੇ Accuracy Level ਘੱਟੋ-ਘੱਟ 90% ਹੋਣਾ ਜਰੂਰੀ ਹੈ, ਲੋੜਾਦਾ ਸਰਟੀਫਿਕੇਟ ਨਾਥ ਨੱਥੀ ਕੀਤਾ ਜਾਵੇ।
    - ਘੱਟੋ-ਘੱਟ 6 ਮਹੀਨੇਆ ਦਾ ਤਜਰਬਾ ਹੋਣਾ ਜਰੂਰੀ ਹੈ, ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ।
11) ਜੇਕਰ ਟੈਂਡਰ ਕਰਤਾ ਵੱਲੋ ਦਿੱਤੇ ਗਏ ਓਪਰੇਟਰ ਦਾ ਕੰਮ ਤੱਸਲੀਬੱਖਸ ਨਹੀ ਪਾਇਆ ਜਾਦਾ ਤਾਂ ਦਫਤਰ ਵੱਲੋ ਦਿਤੀ ਗਈ ਰਿਪੋਰਟ ਅਨੁਸਾਰ ਦੋ ਦਿਨਾ ਵਿੱਚ ਉਪਰੇਟਰ ਬਦਲਣਾ ਲਾਜਮੀ ਹੋਵੇਗਾ। ਅਜਿਹਾ ਤਿੰਨ ਵਾਰ ਹੋਣ ਤੇ ਇਹ ਸਮਝ ਲਿਆ ਜਾਵੇਗਾ ਕਿ ਟੈਂਡਰ ਕਰਤਾ ਕੋਲ ਯੋਗ ਉਪਰੇਟਰ ਨਹੀ ਹਨ ਅਤੇ ਟੈਂਡਰ ਕੈਂਸਲ ਕਰ ਦਿੱਤਾ ਜਾਵੇਗਾ।
12) ਟੈਂਡਰ ਕਰਤਾ ਕੋਲ ਘੱਟੋ-ਘੱਟ ਦੋ ਸਾਲ ਦਾ ਆਊਟ ਸੋਰਸਿੰਗ ਦੇ ਕੰਮ ਦਾ ਤਜਰਬਾ ਲਾਜਮੀ ਹੋਣਾ ਚਾਹੀਦਾ ਹੈ।
13) ਟੈਂਡਰ ਨਾਲ ਮੁ 5,000/- ਰੁਪਏ ਦੀ Earnest Money ਦਾ ਬੈਂਕ ਡਰਾਫਟ ਲੱਗਿਆ ਹੋਣਾ ਚਾਹੀਦਾ ਹੈ। ਬੈਂਕ ਡਰਾਫਟ ਅਡੀਸ਼ਨਲ ਡਿਪਟੀ ਕਮਿਸ਼ਨਰ (ਜਰਨਲ), ਬਠਿੰਡਾ ਦੇ ਨਾਮ ਤੇ ਬਣਾਇਆ ਹੋਣਾ ਚਾਹੀਦਾ ਹੈ। ਬਿਨਾ Earnest Money ਟੈਂਡਰ ਫਾਰਮ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀ ਕੀਤਾ ਜਾਵੇਗਾ। ਜਿਸ ਫਰਮ ਨੂੰ ਸਪਲਾਈ ਆਡਰ ਮਿਲੇਗਾ, ਉਸ ਨੂੰ ਇੱਕ ਸਾਲ ਦੇ ਖਤਮ ਹੋਣ ਤੋ 30 ਦਿਨ ਬਾਅਦ ਇਹ Earnest Money ਵਾਪਸ ਕੀਤੀ ਜਾਵੇਗੀ ਤੇ ਬਾਕੀ ਫਰਮਾਂ ਨੂੰ ਇੱਕ ਹਫਤੇ ਦੇ ਅੰਦਰ-2 ਵਾਪਿਸ ਕਰ ਦਿੱਤੀ ਜਾਵੇਗੀ।